ਪੰਜਾਬ ਸਕੂਲ ਸਿੱਖਿਆ ਬੋਰਡ

ਨਮੂਨਾ ਮੁਲਾਂਕਣ ਪੱਤਰ - ਮਾਰਚ 2020

ਜਮਾਤ : ਚੌਥੀ

ਵਿਸ਼ਾ : ਗਣਿਤ

ਵਿਦਿਆਰਥੀ ਦਾ ਨਾਂ..... ਰੋਲ ਨੰ.....

ਜਮਾਤ-..... ਮਿਤੀ.....


ਸਮਾਂ : 3 ਘੰਟੇ ਕੁੱਲ ਅੰਕ : 80

ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ।

ਪ੍ਰਸ਼ਨ 1 ਤੋਂ 16 ਤੱਕ ਹਰੇਕ ਪ੍ਰਸ਼ਨ ਦਾ 1 ਅੰਕ ਹੋਵੇਗਾ। ਠੀਕ ਉੱਤਰ 'ਤੇ ਸਹੀ (✓) ਦਾ ਨਿਸ਼ਾਨ ਲਗਾਓ:

(16 x 1 = 16)

1. ਹੇਠਾਂ ਦਿੱਤੇ ਘਰਾਂ ਦੀਆਂ ਨੰਬਰ ਪਲੇਟਾਂ ਦੇਖੋ ਅਤੇ ਜਿਸ ਘਰ ਦਾ ਨੰਬਰ ਨਹੀਂ ਲਿਖਿਆ ਉਸ ਲਈ ਸਹੀ ਨੰਬਰ ਚੁਣੋ:



ੳ) 1997 ਅ) 2001 ੲ) 1999 ਸ) 1996

2. ਸੰਖਿਆਵਾਂ 7608 ਅਤੇ 8706 ਵਿੱਚ 6 ਦਾ ਅੰਕਿਤ ਮੁੱਲ ਕੀ ਹੈ?

ੳ) 6 ਅ) 60 ੲ) 600 ਸ) 6000


3. ਚੌਥੀ ਜਮਾਤ ਦੀ ਗਣਿਤ ਦੀ ਪੁਸਤਕ ਦੇ ਕੁੱਲ 221 ਪੰਨੇ ਹਨ। ਅਜਿਹੀਆਂ 10 ਪੁਸਤਕਾਂ ਦੇ ਕੁੱਲ ਪੰਨੇ ਪਤਾ ਕਰਨ ਲਈ ਹੇਠ ਲਿਖਿਆ ਵਿੱਚੋਂ ਕਿਹੜੀ ਵਿਧੀ ਦੀ ਵਰਤੋਂ ਕਰਾਂਗੇ ?

ੳ) 221 + 10 ਅ) 221 × 10 ੲ) 221 − 10 ਸ) 221 ÷ 10

4. 825 ÷ ☐ = 825

ੳ) 1 ਅ) 0 ੲ) 2 ਸ) 825

5. ਗੀਤਾ ਨੇ ਆਪਣੀ ਰੋਟੀ ਵਿੱਚ ਇਕ ਹਿੱਸਾ ਬਿੱਲੀ ਨੂੰ ਖਾਣ ਨੂੰ ਦੇ ਦਿੱਤਾ । ਬਿੱਲੀ ਨੂੰ ਦਿੱਤੀ ਰੋਟੀ ਭਿੰਨ ਰੂਪ ਵਿੱਚ ਕਿੰਨੀ ਬਣਦੀ ਹੈ?



ੳ) $\frac{1}{2}$ ਅ) $\frac{1}{3}$ ੲ) $\frac{1}{4}$ ਸ) $\frac{3}{4}$

M3

6. ਪਾਣੀ ਦੀ ਬੋਤਲ ਵਿੱਚ ਭਰੇ ਪਾਣੀ ਨੂੰ ਮਾਪਣ ਦੀ ਮਿਆਰੀ ਇਕਾਈ ਕੀ ਹੈ ?

ੳ) ਮੀਟਰ ਅ) ਕਿਲੋਗ੍ਰਾਮ ੲ) ਲਿਟਰ ਸ) ਸੈ.ਮੀ.

7. 500 ਰੁਪਏ ਦੇ ਤਿੰਨ ਨੋਟ ਕਿੰਨੇ ਰੁਪਏ ਹੋਣਗੇ?

ੳ) 1000 ਰੁਪਏ ਅ) 2000 ਰੁਪਏ ੲ) 1500 ਰੁਪਏ ਸ) 2500 ਰੁਪਏ

8. 5000 ਗ੍ਰਾਮ ਖੰਡ ਕਿੰਨੇ ਕਿਲੋ ਦੇ ਬਰਾਬਰ ਹੋਵੇਗੀ ?

ੳ) 5 ਕਿਲੋ ਗ੍ਰਾਮ ਅ) 500 ਕਿਲੋ ਗ੍ਰਾਮ ੲ) 50 ਕਿਲੋ ਗ੍ਰਾਮ ਸ) 1000 ਕਿਲੋ ਗ੍ਰਾਮ

9. ਸਾਲ ਵਿੱਚ 31 ਦਿਨ ਵਾਲੇ ਕਿੰਨੇ ਮਹੀਨੇ ਹੁੰਦੇ ਹਨ ?

ੳ) 5 ਅ) 7 ੲ) 4 ਸ) 6


10. ਗੋਲ ਪਲੇਟ ਦਾ ਅਰਧ ਵਿਆਸ 5 ਸੈ.ਮੀ. ਹੈ ਤਾਂ ਇਸਦਾ ਵਿਆਸ ਕਿੰਨਾ ਹੋਵੇਗਾ ?

ੳ) 5 ਸੈ.ਮੀ. ਅ) 10 ਸੈ.ਮੀ. ੲ) 15 ਸੈ.ਮੀ. ਸ) 2.5 ਸੈ.ਮੀ.

11. ਜੇਕਰ 15 ਆਇਤਕਾਰ ਗੱਤੇ ਦੇ ਟੁਕੜੇ ਇਕ ਦੂਸਰੇ ਉੱਪਰ ਰੱਖੇ ਜਾਣ ਤਾਂ ਕਿਹੜੀ ਆਕ੍ਰਿਤੀ ਬਣੇਗੀ?

ੳ) ਤਿਕੋਣ ਅ) ਘਣ ੲ) ਘਣਾਵ ਸ) ਆਇਤਕਾਰ

12. ਹੇਠਾਂ ਦਿਤੀ ਆਕ੍ਰਿਤੀ ਦਾ ਖੇਤਰਫ਼ਲ ਕਿੰਨਾ ਹੋਵੇਗਾ?



ੳ) 4 ਵਰਗ ਸੈ.ਮੀ. ਅ) 8 ਵਰਗ ਸੈ.ਮੀ. ੲ) 3 ਵਰਗ ਸੈ.ਮੀ. ਸ) 2 ਵਰਗ ਸੈ.ਮੀ.

13. ਪਹਿਲੀ ਜਮਾਤ ਦੇ $\frac{1}{2}$ ਬੱਚੇ ਅੱਖਰ ਪਹਿਚਾਣ, $\frac{1}{4}$ ਬੱਚੇ ਮੁਕਤਾ ਸ਼ਬਦ ਅਤੇ $\frac{1}{4}$ ਬੱਚੇ ਸ਼ਬਦ ਪੱਧਰ 'ਤੇ ਹਨ। ਇਸ ਸੂਚਨਾ ਨੂੰ ਅਸੀਂ ਕਿਸ ਚਾਰਟ ਰਾਹੀਂ ਦਰਸਾ ਸਕਦੇ ਹਾਂ?

ੳ) ਛੜ ਚਾਰਟ ਅ) ਚਿੱਤਰ ਗ੍ਰਾਫ਼ ੲ) ਪਾਈ ਚਾਰਟ ਸ) ਉਪਰੋਕਤ ਸਾਰੇ


14. ਮਿਲਾਨ ਚਿੰਨ 𝍸 ਕਿਹੜੀ ਸੰਖਿਆ ਲਈ ਵਰਤਿਆ ਜਾਂਦਾ ਹੈ?

ੳ) 0 ਅ) 4 ੲ) 5 ਸ) 3

15. ਹੇਠਾਂ ਦਿੱਤੇ ਅੰਗਰੇਜ਼ੀ ਦੇ ਕਿਹੜੇ ਅੱਖਰ ਨੂੰ ਸਮਮਿਤੀ ਰੇਖਾ ਰਾਹੀਂ ਨਹੀਂ ਵੰਡਿਆ ਜਾ ਸਕਦਾ ?

ੳ) W ਅ) A ੲ) R ਸ) V


16. ਨਮੂਨੇ ਨੂੰ ਧਿਆਨ ਨਾਲ਼ ਦੇਖੋ ਅਤੇ ਪੂਰਾ ਕਰੋ।



ੳ) d ਅ) b ੲ) p ਸ) q

M5


22. ਦਿੱਤੇ ਹੋਏ ਚੱਕਰ ਨੂੰ ਦੇਖਦੇ ਹੋਏ ਹੇਠ ਲਿਖਿਆਂ ਦੇ ਨਾਮ ਲਿਖੋ।




ੳ) ਵਿਆਸ .....

ਅ) ਜੀਵਾ .....

23. ਹੇਠਾਂ ਦਿੱਤੀ ਆਕ੍ਰਿਤੀ ਦਾ ਪਰਿਮਾਪ ਕੀ ਹੋਵੇਗਾ ?




24. ਹੇਠਾਂ ਦਿੱਤੇ ਛੜ ਚਾਰਟ ਨੂੰ ਦੇਖੋ ਅਤੇ ਪਤਾ ਕਰੋ ।



(i) ਕਿਹੜੀ ਜਮਾਤ ਨੇ ਸੱਭ ਤੋਂ ਵੱਧ ਅਤੇ ਕਿੰਨੀਆਂ ਕਿਤਾਬਾਂ ਪੜ੍ਹੀਆਂ ਹਨ?

ਪ੍ਰਸ਼ਨ 17 ਤੋਂ 24 ਤੱਕ ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। **(8 x 2 = 16)**

17. ਗਿਣਤਾਰੇ ਨੂੰ ਦੇਖ ਕੇ ਸੰਖਿਆ ਨੂੰ ਅੰਕਾਂ ਵਿੱਚ ਲਿਖੋ।



ਅੰਕਾਂ ਵਿੱਚ :- .....

ਸ਼ਬਦਾਂ ਵਿੱਚ :- .....

18. ਦੋ ਅੰਕਾਂ ਦੀ ਛੋਟੀ ਤੋਂ ਛੋਟੀ ਅਤੇ ਵੱਡੀ ਤੋਂ ਵੱਡੀ ਸੰਖਿਆ ਦਾ ਗੁਣਨਫਲ ਦੱਸੋ।

19. ਪਰਦੀਪ ਨੇ 75 ਰੁਪਏ ਦੀ ਇੱਕ ਚਾਕਲੇਟ ਅਤੇ 60 ਰੁਪਏ ਦਾ ਜੂਸ ਖਰੀਦਿਆ। ਉਹ ਦੁਕਾਨਦਾਰ ਨੂੰ ਕਿੰਨੇ ਰੁਪਏ ਦੇਵੇਗਾ ?

20. ਪੈਨਸਿਲ ਦੀ ਲੰਬਾਈ 12 ਸੈ.ਮੀ. ਹੈ, ਸੰਦੀਪ ਇਸ ਨੂੰ ਮੀਟਰ ਵਿੱਚ ਦੱਸਣਾ ਚਾਹੁੰਦੀ ਹੈ। ਪਤਾ ਕਰੋ ਮੀਟਰ ਵਿੱਚ ਇਸ ਦੀ ਲੰਬਾਈ ਕਿੰਨੀ ਹੋਵੇਗੀ?

21. 24 ਘੰਟੇ ਵਾਲੀ ਘੜੀ ਉੱਪਰ ਰਾਤ ਦੇ 12 ਵਜੇ ਤੋਂ ਇੱਕ ਘੰਟਾ ਪਹਿਲਾਂ ਜੋ ਸਮਾਂ ਹੋਵੇਗਾ ਲਿਖੋ।

ਪ੍ਰਸ਼ਨ 25 ਤੋਂ 36 ਤੱਕ ਹਰੇਕ ਪ੍ਰਸ਼ਨ ਦੇ 4 ਅੰਕ ਹੋਣਗੇ। (12 x 4 = 48)

25. **ਖਾਲੀ ਥਾਵਾਂ ਭਰੋ**:

ੳ)52, 54, _ , 58, 60

ਅ) 5945 ਸੰਖਿਆ ਵਿਚ 9 ਦਾ ਸਥਾਨਕ ਮੁੱਲ _____ ਹੈ।

ੲ) 800+50+6 = _____

ਸ) 789 ਦੀ ਨੇੜਲੀ ਦਹਾਈ _____ ਹੈ।

26. ਸਹੀ ਕਥਨ ਅੱਗੇ (✓) ਦਾ ਨਿਸ਼ਾਨ ਅਤੇ ਗਲਤ ਕਥਨ ਅੱਗੇ (×) ਦਾ ਨਿਸ਼ਾਨ ਲਗਾਓ।

ੳ) ਕਾਗਜ਼ ਦੇ ਆਇਤਕਾਰ ਟੁਕੜੇ ਨੂੰ ਦੋ ਵਾਰ ਮੋੜਨ 'ਤੇ ਕਾਗਜ਼ ਦੋ ਬਰਾਬਰ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। ( )

ਅ) 2/4 =1/2 ( )


ੲ)  ਰੰਗਦਾਰ ਹਿੱਸੇ ਦੀ ਭਿੰਨ 4/8 ਹੈ। ( )


ਸ) $\frac{3}{4}$ ਭਿੰਨ ਵਿੱਚ 4 ਅੰਸ਼ ਅਤੇ 3 ਹਰ ਹੈ। ( )

27. ੳ) ਅੰਕਾਂ 2,3,5 ਅਤੇ 7 ਤੋਂ ਚਾਰ ਅੰਕਾਂ ਦੀ ਵੱਡੀ ਤੋਂ ਵੱਡੀ ਅਤੇ ਛੋਟੀ ਤੋਂ ਛੋਟੀ ਸੰਖਿਆ ਲਿਖੋ।

ਅ) ਅੰਕਾਂ 1,0,4 ਅਤੇ 6 ਨਾਲ ਬਣੀ ਚਾਰ ਅੰਕਾਂ ਦੀ ਵੱਡੀ ਤੋਂ ਵੱਡੀ ਅਤੇ ਛੋਟੀ ਤੋਂ ਛੋਟੀ ਸੰਖਿਆ ਲਿਖੋ।


28. ਹੇਠਾਂ ਦਿੱਤੇ ਮਿਨਾਰ (ਟਾਵਰ) ਨੂੰ ਪੂਰਾ ਕਰੋ:







29. ਲੇਟਿਸ ਐਲਗੋਰਿਥਮ ਨਾਲ ਗੁਣਨਫਲ ਪਤਾ ਕਰੋ -:


a) 43 X 15 b) 426 X 35







30. ਆਕ੍ਰਿਤੀ ਦੇ ਰੰਗਦਾਰ ਹਿੱਸੇ ਦੀ ਭਿੰਨ ਲਿਖੋ-

ੳ)  .....

ਅ)  .....

ੲ)  .....

ਸ)  .....

M8

31. ਇੱਕ ਦਰਜਨ ਸੰਤਰਿਆਂ ਦੀ ਕੀਮਤ 84 ਰੁਪਏ ਹੈ। ਇੱਕ ਸੰਤਰੇ ਦੀ ਕੀਮਤ ਪਤਾ ਕਰੋ।

32. ੳ) 400 ਸੈ.ਮੀ. ਨੂੰ ਮੀਟਰ ਵਿੱਚ ਬਦਲੋ।

ਅ) 1200 ਮੀ. ਨੂੰ ਕਿ.ਮੀ. ਵਿੱਚ ਬਦਲੋ


33. ਪਹਿਲੀ ਘੜੀ ਵਿੱਚ ਦਰਸਾਏ ਗਏ ਸਮੇਂ ਤੋਂ ਦੂਸਰੀ ਘੜੀ ਵਿੱਚ ਦਰਸਾਏ ਗਏ ਸਮੇਂ ਤੱਕ ਪਹੁੰਚਣ ਵਿੱਚ ਮਿੰਟਾਂ ਵਾਲੀ ਸੂਈ ਨੂੰ ਕਿੰਨਾ ਸਮਾਂ ਲਗੇਗਾ?






34. ਹੇਠਾਂ ਦਿੱਤੇ ਜਾਲ ਤੋਂ ਕਿਹੜੀ ਆਕ੍ਰਿਤੀ ਬਣਾਈ ਜਾ ਸਕਦੀ ਹੈ?


ੳ)




ਅ)



ੲ)




ਸ)



M9

35. ਹੇਠਾਂ ਦਿੱਤੀਆਂ ਆਕ੍ਰਿਤੀਆਂ ਦੇ ਪਰਿਮਾਪਾਂ ਦਾ ਜੋੜਫਲ ਪਤਾ ਕਰੋ ।




(ੳ)



(ਅ)

36. ਕਿਸੇ ਸਕੂਲ ਵਿੱਚ (ਪਹਿਲੀ ਤੋਂ ਪੰਜਵੀਂ ਜਮਾਤ) ਬੱਚਿਆਂ ਨੂੰ ਵਰਦੀਆਂ ਵੰਡੀਆਂ ਗਈਆਂ।



1) ਪਹਿਲੀ ਜਮਾਤ ਦੇ 20 ਬੱਚਿਆਂ ਨੂੰ ਵਰਦੀਆਂ ਵੰਡੀਆਂ ਗਈਆਂ। (ਹਾਂ/ਨਾਂਹ)

2) ਪੰਜਵੀਂ ਜਮਾਤ ਦੇ 7 ਬੱਚਿਆਂ ਨੂੰ ਵਰਦੀਆਂ ਵੰਡੀਆਂ ਗਈਆਂ। (ਹਾਂ/ਨਾਂਹ)

3) ਤੀਜੀ ਜਮਾਤ ਦੇ .....ਬੱਚਿਆਂ ਨੂੰ ਵਰਦੀਆਂ ਵੰਡੀਆਂ ਗਈਆਂ।

4) 25 ਵਰਦੀਆਂ ਕਿਹੜੀ ਜਮਾਤ ਦੇ ਵਿਦਿਆਰਥੀਆਂ ਨੂੰ ਵੰਡੀਆਂ ਗਈਆਂ।

ੳ) ਜਮਾਤ 1 ਅ) ਜਮਾਤ 2 ੲ) ਜਮਾਤ 4 ਸ) ਜਮਾਤ 5